**ਆਪਣੇ ਬੱਚੇ ਨਾਲ ਗੱਲਬਾਤ ਕਰਦੇ ਸਮੇਂ ਇਹ ਮਹੱਤਵਪੂਰਣ ਹੈ ਕਿ ਤੁਸੀਂ ਆਪਣੇ ਘਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਦੀ ਵਰਤੋਂ ਕਰੋ। ਤੁਹਾਡਾ ਬੱਚਾ ਮਤਲਬ ਸਮਝਣ ਦੇ ਬਾਅਦ ਅੰਗਰੇਜ਼ੀ ਦੇ ਸ਼ਬਦ ਸਿੱਖ ਸਕਦਾ ਹੈ।**

## ਰੀਡਿੰਗ

ਆਪਣੇ ਛੋਟੇ ਬੱਚੇ ਦੇ ਨਾਲ ਕਿਤਾਬ ਖੋਲ੍ਹਕੇ ਪੜਨਾ ਸ਼ੁਰੂ ਕਰੋ ਅਤੇ ਉਸਤੋਂ ਕਿਤਾਬ ਵਿੱਚ ਦਿੱਤੀਆਂ ਸਾਰੀਆਂ ਤਸਵੀਰਾਂ ਬਾਰੇ ਪੁੱਛੋ। ਉਸਨੂੰ ਹਰ ਸਫੇ ਤੇ ਦਿੱਤੀਆਂ ਚੀਜ਼ਾਂ ਉੱਤੇ ਧਿਆਨ ਦੇਣ ਲਈ ਉਤਸਾਹਿਤ ਕਰੋ। ਉਸਤੋਂ ਸਵਾਲ ਪੁੱਛੋ ਕਿ ਕੀ ਹੋ ਰਿਹਾ ਹੈ ਅਤੇ ਇਹ ਕਿਉਂ ਹੋ ਰਿਹਾ ਹੈ ਅਤੇ ਅਜਿਹਾ ਕਰਨ ਨਾਲ ਤੁਸੀਂ ਤਸਵੀਰਾਂ ਦੇ ਪਿੱਛੇ ਦਿੱਤੇ ਮਤਲਬ ਨੂੰ ਸਮਝਣ ਵਿੱਚ ਆਪਣੇ ਛੋਟੇ ਬੱਚੇ ਦੀ ਮਦਦ ਕਰੋਗੇ। ਇਹ ਰੀਡਿੰਗ ਦਾ ਭਾਗ ਹੈ।

ਛੇਤੀ ਹੀ ਤੁਹਾਡਾ ਬੱਚਾ ਕਹਾਨੀ ਵਿੱਚ ਸਹੀ ਸਮੇਂ ਤੇ ਸਫੇ ਪਲਟਣੇ ਸ਼ੁਰੂ ਕਰ ਦਵੇਗਾ, ਅਤੇ ਉਹ ਵੱਖ-ਵੱਖ ਸ਼ਬਦਾਂ ਦੀ ਵਰਤੋਂ ਕਰਕੇ ਅਤੇ ਇਸ ਬਾਰੇ ਵਿੱਚ ਗੱਲਬਾਰ ਕਰਕੇ ਕਿ ਕੀ ਹੋ ਰਿਹਾ ਹੈ, ਅਜਿਹਾ ਕਰੇਗਾ। ਮਹੱਤਵਪੂਰਣ ਤੌਰ ‘ਤੇ, ਛੋਟੇ ਬੱਚੇ ਨੂੰ ਮਾਪਿਆਂ, ਦੇਖਰੇਖਕਰਤਾਵਾਂ ਜਾਂ ਪਰਿਵਾਰ ਦੇ ਹੋਰ ਸੱਦਸਾਂ ਨਾਲ ਸਮਾਂ ਬਿਤਾਉਣਾ ਚੰਗਾ ਲੱਗਦਾ ਹੈ ਅਤੇ ਮਿਲਕੇ ਪੜੱਦੇ ਹੋਏ ਉਹ ਆਪਣੀਆਂ ਰੀਡਿੰਗ ਯੋਗਤਾਵਾਂ ਦਾ ਵਿਕਾਸ ਕਰਣਗੇ।

## ਆਪਣੇ ਬੱਚੇ ਨਾਲ ਰੀਡਿੰਗ ਕਰਦੇ ਹੋਏ ਰੋਜ਼ਾਨਾ ਤੌਰ ‘ਤੇ ਸਮਾਂ ਬਿਤਾਓ

» ਲੇਬਲ, ਜੰਕ ਮੇਲ, ਸੁਪਰਮਾਰਕੇਟ ਅਤੇ ਸੰਕੇਤਾਂ ਤੇ ਮੌਜੂਦ ਤਸਵੀਰਾਂ ਨੂੰ ਪੜ੍ਹਕੇ ਆਪਣੇ ਛੋਟੇ ਬੱਚੇ ਦੀ ਮਦਦ ਕਰੋ ਅਤੇ ਜਦੋਂ ਤੁਹਾਡਾ ਬੱਚਾ ਕਿਤਾਬ ਚੁੱਕ ਕੇ ਉਸਦੇ ਸਫੇ ਬਦਲੇ ਤਦ ਵੀ ਤਸਵੀਰਾਂ ਨੂੰ ਪੜ੍ਹਕੇ ਉਸਦੀ ਮਦਦ ਕਰੋ।

» ਆਪਣੇ ਬੱਚੇ ਨਾਲ ਪੜ੍ਹਣ ਦਾ ਆਨੰਦ ਲਵੋ, ਤੁਸੀਂ ਆਪ ਵੀ ਕਿਤਾਵਾਂ ਪੜ੍ਹਣ ਨੂੰ ਲੈ ਕੇ ਉਤਸਾਹ ਵਿਖਾਓ। ਜਦੋਂ ਤੁਸੀਂ ਆਪਣੇ ਛੋਟੇ ਬੱਚੇ ਦੇ ਨਾਲ ਆਨਲਾਇਨ ਰੀਡਿੰਗ ਕਰਨ, ਨਕਸ਼ਿਆਂ, ਸੂਚੀਆਂ ਬਣਾਉਣ ਜਾਂ ਇਸ ਬਾਰੇ ਗੱਲਬਾਤ ਕਰਦੇ ਹੋ ਕਿ ਕੁੱਝ ਮਹੱਤਵਪੂਰਣ ਜਾਣਨ ਲਈ ਸੰਕੇਤ ਤੁਹਾਡੀ ਮਦਦ ਕਿਵੇਂ ਕਰਦੇ ਹਨ, ‘ਰੀਡਿੰਗ’ ਸ਼ਬਦ ਦੀ ਵਰਤੋਂ ਕਰੋ।




## ਵਧੇਰੀ ਜਾਣਕਾਰੀ

ਆਪਣੇ ਬੱਚੇ ਦੀ ਸਾਖਰਤਾ ਸਿੱਖਿਆ ਦਾ ਸਮੱਰਥਨ ਕਿਵੇਂ ਕਰਨਾ ਚਾਹੀਦਾ ਹੈ, ਇਸ ਬਾਰੇ ਵਧੇਰੀ ਜਾਣਕਾਰੀ ਲਈ ਸਾਡੀ ਵੈੱਬਸਾਈਟ ਵੇਖੋ

**www.education.sa.gov.au/parenting/greatstart**

f EDU.SAGOV



Government of South Australia
Department for Education

Punjabi / ਪੰਜਾਬੀ

# GreatStart

ਹਰ ਰੋਜ਼ ਨਯੂਮਰੇਸੀ (ਅੰਕ-ਗਿਆਨ) ਅਤੇ ਲਿਟਰੇਸੀ (ਸਾਖਰਤਾ) ਸਿੱਖਣਾ

# ਸਾਖਰਤਾ



**www.education.sa.gov.au/parenting/greatstart**

ਉਨ੍ਹਾਂ ਪਰਿਵਾਰਾਂ ਲਈ ਵੈੱਬਸਾਈਟ ਜਿਨ੍ਹਾਂ ਦੇ ਨਵਜੰਮੇ ਬੱਚੇ ਤੋਂ ਲੈ ਕੇ 5 ਸਾਲ ਦੀ ਉਮਰ ਵਾਲੇ ਛੋਟੇ ਬੱਚੇ ਹਨ

Government of South Australia
Department for Education

# ਸਮਾਰੋਹਾਂ, ਵਸਤੂਆਂ, ਲੋਕਾਂ ਦੇ ਇਸ਼ਾਰਿਆਂ, ਤਸਵੀਰਾਂ, ਕਲਾ, ਫਿਲਮ, ਸ਼ਬਦਾਂ, ਆਵਾਜ਼ਾਂ, ਰਾਇਟਿੰਗ, ਸੰਗੀਤ ਜਾਂ ਡਾਂਸ **ਤੋਂ ਮਤਲਬ ਸਮਝਣ ਜਾਂ ਕੱਢਣ ਦੀ ਸਮਰੱਥਾ ਨੂੰ ਸਾਖਰਤਾ ਕਹਿੰਦੇ** ਹਨ।

## ਬੇਬੀ

ਤੁਹਾਡਾ ਬੇਬੀ ਜਨਮ ਤੋਂ ਸਾਖਰਤਾ ਦਾ ਵਿਕਾਸ ਕਰ ਰਿਹਾ ਹੈ। ਬੇਬੀ ਦੇਖਕੇ, ਛੂਹ ਕੇ ਅਤੇ ਖੇਡਕੂਦ ਕਰਕੇ ਦੁਨਿਆ ਦੀ ਖੋਜ ਕਰਦੇ ਹੋਏ ਸਿੱਖਦਾ ਹੈ। ਤੁਹਾਡਾ ਬੇਬੀ ਤੁਹਾਡੀਆਂ ਅੱਖਾਂ ਵਿੱਚ ਵੇਖਕੇ, ਚਿਹਰੇ ਦੇ ਹਾਵ-ਭਾਵ ਬਣਾ ਕੇ ਅਤੇ ਬੜਬੜਾ ਕੇ ਗੱਲਬਾਤ ਕਰਦਾ ਹੈ। ਜਦੋਂ ਤੁਹਾਡਾ ਬੇਬੀ ਘਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਸ਼ਬਦ, ਗਾਣੇ ਅਤੇ ਕਹਾਣੀਆਂ ਸੁਣਦਾ ਹੈ ਤਾਂ ਉਹ ਸ਼ਬਦਾਂ ਦਾ ਮਤਲਬ ਸਮਝਣ ਲੱਗ ਪੈਂਦਾ ਹੈ। ਸ਼ਬਦਾਂ ਨੂੰ ਬੋਲਣ ਤੋਂ ਕਿੱਤੇ ਪਹਿਲਾਂ ਬੇਬੀ ਸ਼ਬਦਾਂ ਦੀ ਸਮਝ ਪ੍ਰਾਪਤ ਕਰ ਲੈਂਦਾ ਹੈ।

### ਸਾਖਰਤਾ ਸੰਬੰਧੀ ਸਿਖਿਆ ਨੂੰ ਵਧਾਵਾ ਦੇਣ ਲਈ ਤੁਸੀਂ ਘਰ ਵਿੱਚ ਕਈ ਕੰਮ ਕਰ ਸਕਦੇ ਹੋ।

» ਗੱਲਬਾਤ ਦੇ ਰੂਪ ਵਿੱਚ ਆਪਣੇ ਬੇਬੀ ਵਲੋਂ ਕੱਢਿਆਂ ਜਾਣ ਵਾਲੀਆਂ ਆਵਾਜ਼ਾਂ ਨੂੰ ਦੋਹਰਾਓ।
» ਪੈਦਲ ਸੈਰ ਕਰਦੇ ਹੋਏ ਚੀਜ਼ਾਂ ਵੱਲ ਇਸ਼ਾਰਾ ਕਰੋ।
» ਗਾਣੇ ਗਾਓ ਅਤੇ ਨੰਬਰਾਂ ਵਾਲੀਆਂ ਬਾਲ ਕਵਿਤਾਵਾਂ ਗਾਓ ਅਤੇ ਸੰਗੀਤਾ ਦਾ ਆਨੰਦ ਲਵੋ।
» ਹਰ ਰੋਜ਼ ਤਸਵੀਰਾਂ ਵਾਲੀਆਂ ਕਿਤਾਬਾਂ ਪੜ੍ਹਣ ਲਈ ਸਮਾਂ ਕੱਢੋ।
» ਕਿਤਾਬਾਂ ਆਪਣੇ ਬੇਬੀ ਦੀ ਪਹੁੰਚ ਤਕ ਰਹਿਣ ਦਿਓ।
» ਆਪਣੇ ਬੇਬੀ ਨੂੰ ਇਹ ਦਰਸਾਓ ਕਿ ਤੁਸੀਂ ਸਮਝਦੇ ਹੋ।
  » ਬੇਬੀ – "ਡਾ"
  » ਤੁਸੀਂ – "ਮੈਂ ਤਾਰੇ ਨੂੰ ਦੇਖਦਾ ਹਾਂ"
» ਕ੍ਰਿਆਵਾਂ ਅਤੇ ਅਹਿਸਾਸਾਂ ਦਾ ਨਾਮ ਲਵੋ ਤਾਂਜੋ ਤੁਹਾਡਾ ਬੇਬੀ ਸ਼ਬਦਾਂ ਨੂੰ ਇਨ੍ਹਾਂ ਨਾਲ ਜੋੜ ਸਕੇ।
» ਵਰਣਨ ਕਰਨ ਵਾਲੇ ਸ਼ਬਦਾਂ ਦੀ ਵਰਤੋਂ ਕਰੋ।
  » ਬੇਬੀ – "ਬਿੱਲੀ"
  » ਤੁਸੀਂ – "ਇੱਕ ਵੱਡੀ, ਕਾਲੀ ਬਿੱਲੀ।"
» ਨਵੇਂ ਸ਼ਬਦਾਂ ਤੇ ਜ਼ੋਰ ਦਿਓ। "ਪੁੱਲ ਦੇ ਥੱਲੇ।"
» ਬੇਬੀ ਲਾਇਬ੍ਰੇਰੀ ਪ੍ਰੋਗ੍ਰਾਮ ਨਾਲ ਜੁੜੋ।

#### GreatStart ਗਤੀਵਿਧੀ ਦੇ ਹੋਰ ਸੁਝਾਅ

» Dressing your baby
» Splish splash I'm having a bath
» Getting ready for bed
» Feeding baby
» It's windy out there!v
» Baby obstacle course



## ਛੋਟੇ ਬੱਚੇ (2 ਤੋਂ 3 ਸਾਲ ਦੀ ਉਮਰ)

ਤੁਹਾਡੇ ਛੋਟੇ ਬੱਚੇ ਦਾ ਦਿਮਾਗ ਵਿਕਾਸ ਕਰ ਰਿਹਾ ਹੈ ਅਤੇ ਉਸਨੂੰ ਬਹੁਤ ਉਤਸੁਕ ਬਣਾ ਰਿਹਾ ਹੈ। ਆਪਣੇ ਛੋਟੇ ਬੱਚੇ ਨੂੰ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਉੱਤੇ ਧਿਆਨ ਦੇਣ ਵਿੱਚ ਮਦਦ ਕਰੋ ਅਤੇ ਅਜਿਹਾ ਕਰਨ ਨਾਲ ਤੁਸੀਂ ਉਸਦੇ ਸੋਚ-ਵਿਚਾਰ ਦਾ ਸਮਰਥਨ ਕਰੋਗੇ। ਤੁਹਾਡਾ ਛੋਟਾ ਬੱਚਾ ਆਪਣੇ ਵਿਚਾਰ ਸਾਂਝੇ ਕਰਨਾ ਸ਼ੁਰੂ ਕਰੇਗਾ ਅਤੇ ਹੋ ਸਕਦਾ ਹੈ ਕਿ ਉਹ ਚਿੱਤਰਕਾਰੀ ਕਰਦੇ ਹੋਏ, ਕਲਾ ਸੰਬੰਧੀ ਕਾਰਜਾਂ ਦਾ ਨਿਰਮਾਣ ਕਰਕੇ, ਡਿਜ਼ਾਇਨ ਦਾ ਨਿਰਮਾਣ ਕਰਕੇ ਜਾਂ ਨਾਟਕ ਕਰਦੇ ਹੋਏ ਖੇਡਕੂਦ ਦਾ ਆਨੰਦ ਲੈਂਦੇ ਹੋਏ ਆਪਣੇ ਆਪ ਨੂੰ ਵਿਅਕਤ ਕਰਨ ਦੀ ਕੋਸ਼ਿਸ਼ ਕਰਨਾ ਸ਼ੁਰੂ ਕਰ ਸਕਦਾ ਹੈ। ਤੁਹਾਡਾ ਛੋਟਾ ਬੱਚਾ ਜੋ ਸੋਚ ਰਿਹਾ ਹੈ ਉਸ ਵਿੱਚ ਦਿਲਚਸਪੀ ਵਿਖਾਉਣ ਨਾਲ ਉਸਨੂੰ ਗੱਲਬਾਤ ਕਰਨ ਵਿੱਚ ਆਤਮ-ਵਿਸ਼ਵਾਸ ਦਾ ਨਿਰਮਾਣ ਕਰਨ ਵਿੱਚ ਮਦਦ ਮਿਲੇਗੀ।

### ਸਾਖਰਤਾ ਸੰਬੰਧੀ ਸਿਖਿਆ ਨੂੰ ਵਧਾਵਾ ਦੇਣ ਲਈ ਤੁਸੀਂ ਘਰ ਵਿੱਚ ਕਈ ਕੰਮ ਕਰ ਸਕਦੇ ਹੋ।

» ਮਿਲਕੇ ਗੱਲਬਾਤ ਕਰਨ ਲਈ ਸਮਾਂ ਕੱਢੋ।
» ਬਾਲ ਕਵਿਤਾਵਾਂ ਗਾਓ ('ਮੱਛਲੀ ਜਲ ਦੀ ਰਾਣੀ ਹੈ', 'ਉੱਪਰ ਪੰਖਾ ਚਲਦਾ ਹੈ')
» ਅਜਿਹੇ ਸਵਾਲਾਂ ਨੂੰ ਵਧਾਵਾ ਦਿਓ ਜਿਨ੍ਹਾਂ ਦਾ ਜਵਾਬ ਹਾਂ ਜਾਂ ਨਹੀਂ ਤੋਂ ਵੱਧਕੇ ਹੋਵੇ। "ਤੁਹਾਨੂੰ ਕੀ ਦਿਖਾਈ ਦੇ ਰਿਹਾ ਹੈ?" ਆਪਣੇ ਛੋਟੇ ਬੱਚੇ ਨੂੰ ਜਵਾਬ ਦੇਣ ਲਈ ਸੋਚਣ ਦਾ ਸਮਾਂ ਦਿਓ।
» ਸ਼ਬਦਾਂ ਨਾਲ ਹੰਸੀ-ਮਜ਼ਾਕ ਕਰਨ ਦਾ ਆਨੰਦ ਲਵੋ, "ਗੰਜੂ ਪਟੇਲ ਤੇਰੀ ਖੋਪੜੀ 'ਚ ਤੇਲ"
» ਆਪਣੇ ਛੋਟੇ ਬੱਚੇ ਨੂੰ ਛਾਤੀ ਨਾਲ ਲਗਾ ਕੇ ਹਰ ਰੋਜ਼ ਕਿਤਾਬ ਪੜ੍ਹੋ। ਕਿਤਾਬਾਂ ਵਿੱਚ ਅਜਿਹੇ ਸੰਕੇਤ ਖੋਜੋ ਜੋ ਇਹ ਦੱਸ ਸਕਣ ਕਿ ਅੱਗੇ ਕੀ ਹੋ ਸਕਦਾ ਹੈ।
» ਨਹਾਉਣ ਜਾਂ ਸੋਣ ਦੇ ਸਮੇਂ ਉਸਦੇ ਖਿਡੌਣਿਆਂ ਨਾਲ ਕਹਾਣੀਆਂ ਬਣਾਓ।
» ਆਪਣੇ ਛੋਟੇ ਬੱਚੇ ਦੁਆਰਾ ਆਈ ਪੈਡ ਜਾਂ ਟੈਲੀਵਿਜ਼ਨ ਤੇ ਬਿਤਾਏ ਜਾਣ ਵਾਲੇ ਸਮੇਂ ਨੂੰ ਸੀਮਿਤ ਕਰੋ, ਬੱਚੇ ਖੇਡਕੂਦ ਕਰਦੇ ਹੋਏ ਸਭ ਤੋਂ ਚੰਗੀ ਤਰ੍ਹਾਂ ਸਿੱਖਦੇ ਹਨ।
» ਬਾਹਰ ਦੀਆਂ ਆਵਾਜ਼ਾਂ ਤੇ ਧਿਆਨ ਦਿਓ – ਜਿਵੇਂ ਕਿ ਪੰਛੀਆਂ, ਜਹਾਜ, ਪਾਣੀ ਅਤੇ ਹਵਾ ਦੀ ਆਵਾਜ਼।» 'ਸੰਕੇਤਾਂ' ਉੱਤੇ ਧਿਆਨ ਦਿਓ ਜਿਵੇਂ ਕਿ ਸਟਾਪ ਸੰਕੇਤ ਲਈ 'S'।

#### GreatStart ਗਤੀਵਿਧੀ ਦੇ ਹੋਰ ਸੁਝਾਅ

» Movin', Grovin' with rhymes
» Reading together
» Is it bin night?
» Setting the table
» Climbing up, up, up to the sky
» Storytelling stones



## ਪ੍ਰੀਸਕੂਲਰਸ (3 ਤੋਂ 5 ਸਾਲ ਦੀ ਉਮਰ)

ਤੁਹਾਡਾ ਬੱਚਾ ਦੂਜਿਆਂ ਨਾਲ ਖੇਡਦੇ ਹੋਏ ਤੁਹਾਡੇ ਤੋਂ ਸਿੱਖਿਆਂ ਗੱਲਾਂ ਦੀ ਵਰਤੋਂ ਕਰਦਾ ਹੈ। ਉਹ ਗੱਲਬਾਤ ਕਰਕੇ, ਕਲਾ ਸੰਬੰਧੀ ਕਾਰਜਾਂ ਦਾ ਨਿਰਮਾਣ ਕਰਕੇ, ਨਿਰਮਾਣ ਸੰਬੰਧੀ ਕੰਮ ਕਰਕੇ, ਡਾਂਸ ਅਤੇ ਨਾਟਕ ਕਰਦੇ ਹੋਏ ਖੇਡਕੂਦ ਕਰਕੇ ਆਪਣੇ ਸੋਚ-ਵਿਚਾਰ ਨੂੰ ਦਰਸਾ ਸਕਦਾ ਹੈ। ਹੋ ਸਕਦਾ ਹੈ ਕਿ ਉਹ ਸ਼ਬਦਾਂ, ਕਿਤਾਬਾਂ, ਸੰਗੀਤ, ਸੰਕੇਤਾਂ, ਡਾਂਸ, ਕੁਝ ਟੇਕਸਟ ਜਾਂ ਨੰਬਰਾਂ ਅਤੇ ਤਕਨਾਲੋਜੀ ਦੀ ਵਰਤੋਂ ਕਰਕੇ ਮਤਲਬ ਕੱਢ ਰਿਹਾ ਹੋਵੇ। ਤੁਹਾਡਾ ਬੱਚਾ ਜੋ ਕਹਿਣਾ ਚਾਹੁੰਦਾ ਹੈ ਉਸ ਵਿੱਚ ਦਿਲਚਸਪੀ ਦਿਖਾਉਣ ਨਾਲ ਉਸਨੂੰ ਹੋਰ ਗੱਲਬਾਤ ਕਰਨ ਵਿੱਚ ਮਦਦ ਮਿਲੇਗੀ!

### ਸਾਖਰਤਾ ਸੰਬੰਧੀ ਸਿਖਿਆ ਨੂੰ ਵਧਾਵਾ ਦੇਣ ਲਈ ਤੁਸੀਂ ਘਰ ਵਿੱਚ ਕਈ ਕੰਮ ਕਰ ਸਕਦੇ ਹੋ।

» ਮਿਲਕੇ ਕੰਮ ਕਰਨ ਲਈ ਸਮਾਂ ਕੱਢੋ। ਪਿਕਨਿਕ ਤੇ ਜਾਓ ਅਤੇ ਚੀਜ਼ਾਂ ਇੱਕਠੀਆਂ ਕਰੋ, ਨਜ਼ਾਰੀਆਂ, ਸੁਗੰਧ ਅਤੇ ਆਵਾਜ਼ਾਂ ਤੇ ਧਿਆਨ ਦਿਓ।
» ਯਾਦਾਂ ਬਾਰੇ ਗੱਲਬਾਤ ਕਰੋ … "ਕੀ ਤੁਹਾਨੂੰ ਯਾਦ ਹੈ ਜਦੋਂ …"
» ਜਦੋਂ ਤੁਹਾਡਾ ਬੱਚਾ ਕੁੱਝ ਬਣਾ ਰਿਹਾ ਹੋਵੇ ਤਾਂ ਉਸਦੀ ਗੱਲ ਸੁਣੋ। ਉਸਦੇ ਦੁਆਰਾ ਬਣਾਈ ਜਾ ਰਹੀ ਚੀਜ਼ ਦਾ ਵਾਸਤਵਿਕ ਦਿਖਣ ਦੀ ਬਜਾਏ ਉਨ੍ਹਾਂ ਦੀ ਕਲਪਨਾ ਦਾ ਪ੍ਰਯੋਗ ਕੀਤਾ ਜਾਣਾ ਵੱਧ ਮਹੱਵਤਪੂਰਣ ਹੈ।
» ਨਾਟਕ ਕਰਦੇ ਹੋਏ ਮਿਲਕੇ ਖੇਡੋ। ਤੁਹਾਡਾ ਬੱਚਾ ਮਾਤਾ ਜਾਂ ਪਿਤਾ ਬਣਨ ਦਾ ਨਾਟਕ ਕਰ ਸਕਦਾ ਹੈ।
» ਪਸੰਦੀਦਾ ਕਿਤਾਬਾਂ ਵਾਰ-ਵਾਰ ਪੜ੍ਹੋ ਤਾਂਜੋ ਤੁਹਾਡਾ ਬੱਚਾ ਆਪਣੀ ਯਾਦਦਾਸ਼ਤ ਦੀ ਵਰਤੋਂ ਕਰਦੇ ਹੋਏ ਪੜ੍ਹ ਸਕੇ।
» ਆਪਣੇ ਬੱਚੇ ਨੂੰ ਆਪਣੇ ਆਲੇ-ਦੁਆਲੇ ਨੰਬਰਾਂ, ਆਕਾਰ, ਸਥਿਤੀ, ਦੂਰੀ, ਬਣਾਵਟਾਂ ਅਤੇ ਸੰਕੇਤਾਂ ਉੱਤੇ ਧਿਆਨ ਦੇਣ ਵਿੱਚ ਮਦਦ ਦਿਓ, ਜਿਵੇਂ ਕਿ ਨਕਸ਼ੇ, ਸੰਕੇਤ, ਖਾਣ-ਪੀਣ ਦੀਆਂ ਚੀਜ਼ਾਂ ਦੀ ਬਣਾਵਟ...
» ਆਈ ਪੈਡ ਦੀਆਂ ਉਨ੍ਹਾਂ ਗਤੀਵਿਧੀਆਂ ਦੀ ਚੋਣ ਕਰੋ ਜੋ ਰਚਨਾਤਮਕਤਾ ਨੂੰ ਵਧਾਵਾ ਦਿੰਦੀਆਂ ਹੋਣ।

#### GreatStart ਗਤੀਵਿਧੀ ਦੇ ਹੋਰ ਸੁਝਾਅ

» The paper's here
» But why?
» Making marks
» What does that say?
» How many are in there?
» Make your own books

